UK Health Security Agency

NHS



# ਕੋਰੋਨਾਵਾਇਰਸ (COVID-19)

# ਬੱਚਿਆਂ ਅਤੇ ਕਿਸ਼ੋਰਾਂ ਲਈ ਟੀਕਾਕਰਨ ਪ੍ਰੋਗਰਾਮ

## ਮਾਪਿਆਂ ਲਈ ਸੇਧ



### ਮੈਨੂੰ ਆਪਣੇ ਬੱਚੇ ਦਾ ਟੀਕਾਕਰਨ ਕਿਉਂ ਕਰਵਾਉਣਾ ਚਾਹੀਦਾ ਹੈ?

ਜਦੋਂ ਕਿ ਜ਼ਿਆਦਾਤਰ ਕਿਸ਼ੋਰਾਂ ਵਿੱਚ COVID-19 ਆਮ ਤੌਰ 'ਤੇ ਹਲਕਾ ਜਾਂ ਲੱਛਣ ਰਹਿਤ ਹੁੰਦਾ ਹੈ, ਪਰ ਇਹ ਕੁਝ ਲੋਕਾਂ ਲਈ ਬਹੁਤ ਹੀ ਦੁਖਦਾਈ ਹੋ ਸਕਦਾ ਹੈ। ਵੈਕਸੀਨ ਦਾ ਇੱਕ ਕੋਰਸ ਗੰਭੀਰ ਬਿਮਾਰੀ ਅਤੇ ਹਸਪਤਾਲ ਵਿੱਚ ਭਰਤੀ ਹੋਣ ਤੋਂ ਚੰਗੀ ਸੁਰੱਖਿਆ ਪ੍ਰਦਾਨ ਕਰੇਗਾ।

12 ਤੋਂ 15 ਸਾਲ ਦੇ ਬੱਚਿਆਂ ਨੂੰ ਵੈਕਸੀਨ ਲਗਾਉਣ ਨਾਲ ਕਿਸ਼ੋਰਾਂ ਨੂੰ ਸਕੂਲ ਤੋਂ ਛੁੱਟੀ ਲੈਣ ਦੀ ਲੋੜ ਨੂੰ ਘੱਟ ਕਰਨ ਅਤੇ ਸਕੂਲਾਂ ਵਿੱਚ ਕੋਵਿਡ-19 ਦੇ ਫੈਲਣ ਦੇ ਜੋਖਮ ਨੂੰ ਘਟਾਉਣ ਵਿੱਚ ਵੀ ਸਹਾਇਤਾ ਮਿਲਣੀ ਚਾਹੀਦੀ ਹੈ।

ਇਸ ਲਈ ਕੋਵਿਡ-19 ਸੈਕੰਡਰੀ ਸਕੂਲ ਟੀਕਾਕਰਨ ਪ੍ਰੋਗਰਾਮ ਨੂੰ ਕਿਸ਼ੋਰਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਆਹਮੋ-ਸਾਹਮਣੇ ਦੀ ਸਿੱਖਿਆ ਵਿੱਚ ਵਿਘਨ ਨੂੰ ਘੱਟ ਕਰਨਾ ਚਾਹੀਦਾ ਹੈ। ਇਸ ਨਾਲ ਕਿਸ਼ੋਰਾਂ ਨੂੰ ਭਾਵਨਾਤਮਕ ਤੌਰ 'ਤੇ ਤੰਦਰੁਸਤ ਅਤੇ ਖੁਸ਼ ਰੱਖਣ ਵਿੱਚ ਮਦਦ ਮਿਲੇਗੀ ਅਤੇ ਇਹ ਚੀਫ਼ ਮੈਡੀਕਲ ਆਫਿਸਰਾਂ ਲਈ ਇਹ ਇੱਕ ਮਹੱਤਵਪੂਰਨ ਵਿਚਾਰਸ਼ੀਲਤਾ ਸੀ।

# ਕੋਰੋਨਾਵਾਇਰਸ (COVID-19) ਟੀਕਾ

ਕੋਵਿਡ-19 ਵੈਕਸੀਨ ਕੋਵਿਡ-19 ਲਾਗ ਦੀ ਸੰਭਾਵਨਾ ਨੂੰ ਘਟਾਉਣ ਵਿੱਚ ਸਹਾਇਤਾ ਕਰਦੀ ਹੈ ਅਤੇ ਗੰਭੀਰ ਬਿਮਾਰੀ ਤੋਂ ਚੰਗੀ ਸੁਰੱਖਿਆ ਪ੍ਰਦਾਨ ਕਰਦੀ ਹੈ। ਵੈਕਸੀਨ ਦੀ ਪਹਿਲੀ ਖੁਰਾਕ ਤੋਂ ਕੁਝ ਸੁਰੱਖਿਆ ਕਾਇਮ ਕਰਨ ਵਿੱਚ ਕੁਝ ਹਫ਼ਤੇ ਲੱਗ ਸਕਦੇ ਹਨ।

## ਕੀ ਇਹ ਕਿਸ਼ੋਰਾਂ ਲਈ ਸੁਰੱਖਿਅਤ ਹੈ?

Medicines and Healthcare products Regulatory Agency (MHRA) ਨੇ ਪੁਸ਼ਟੀ ਕੀਤੀ ਹੈ ਕਿ Pfizer ਵੈਕਸੀਨ 12 ਤੋਂ 17 ਸਾਲ ਦੇ ਬੱਚਿਆਂ ਲਈ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹੈ।

ਇਸ ਤੋਂ ਬਾਅਦ ਇਸ ਉਮਰ ਸਮੂਹ ਵਿੱਚ ਟੀਕਿਆਂ ਦੀ ਸੁਰੱਖਿਆ, ਗੁਣਵੱਤਾ ਅਤੇ ਪ੍ਰਭਾਵਸ਼ੀਲਤਾ ਦੀ ਸਖ਼ਤ ਸਮੀਖਿਆ ਕੀਤੀ ਗਈ।

ਯੂਕੇ ਨੂੰ ਅਮਰੀਕਾ, ਕੈਨੇਡਾ ਅਤੇ ਇਜ਼ਰਾਈਲ ਦੇ ਅੰਕੜਿਆਂ ਤੋਂ ਵੀ ਲਾਭ ਹੋਇਆ ਹੈ, ਜਿਨ੍ਹਾਂ ਨੇ ਪਹਿਲਾਂ ਹੀ 12 ਤੋਂ 15 ਸਾਲ ਦੀ ਉਮਰ ਦੇ ਕਿਸ਼ੋਰਾਂ ਨੂੰ ਸਰਭ-ਵਿਆਪੀ ਤੌਰ 'ਤੇ ਵੈਕਸੀਨ ਦੀ ਪੇਸ਼ਕਸ਼ ਕੀਤੀ ਹੈ।

ਇਹ ਵੀਡੀਓ ਇਸ ਨੂੰ ਵਧੇਰੇ ਵਿਸਤਾਰ ਨਾਲ ਸਮਝਾਉਂਦੇ ਹਨ:

https://twitter.com/DHSCgovuk/status/1434441175281274890

https://twitter.com/DHSCgovuk/status/1405246298320637960

## ਵੈਕਸੀਨਾਂ ਇੰਨੀ ਜਲਦੀ ਕਿਵੇਂ ਵਿਕਸਤ ਕੀਤੀਆਂ ਗਈਆਂ?

ਸਾਰੀਆਂ ਵੈਕਸੀਨਾਂ ਦੇ ਕਲੀਨਿਕਲ ਅਜ਼ਮਾਇਸ਼ਾਂ ਦੇ 3 ਪੜਾਅ ਹੋਏ ਹਨ ਅਤੇ ਇਹਨਾਂ ਨੂੰ ਦੁਨੀਆ ਭਰ ਦੇ ਹਜ਼ਾਰਾਂ ਲੋਕਾਂ 'ਤੇ ਟੈਸਟ ਕੀਤਾ ਗਿਆ ਸੀ। ਅਜ਼ਮਾਇਸ਼ ਦੇ ਪੜਾਅ ਸਮਾਨਾਂਤਰ ਰੂਪ ਵਿੱਚ ਚਲਾਏ ਗਏ ਸਨ, ਜਿਸ ਨਾਲ ਵੈਕਸੀਨ ਦੇ ਉਤਪਾਦਨ ਦੇ ਸਮੁੱਚੇ ਸਮੇਂ ਵਿੱਚ ਤੇਜ਼ੀ ਲਿਆਂਦੀ ਗਈ, ਪਰ ਨਾਜ਼ੁਕ ਖੋਜ ਦੇ ਸਮੇਂ ਵਿੱਚ ਤੇਜ਼ੀ ਨਹੀਂ ਕੀਤੀ ਗਈ। ਦਸੰਬਰ 2020 ਤੋਂ ਯੂਕੇ ਵਿੱਚ ਲੱਖਾਂ ਲੋਕਾਂ ਨੂੰ Pfizer ਵੈਕਸੀਨ ਦਿੱਤੀ ਜਾ ਚੁੱਕੀ ਹੈ ਅਤੇ ਇਸਦਾ ਇੱਕ ਸ਼ਾਨਦਾਰ ਸੁਰੱਖਿਆ ਰਿਕਾਰਡ ਹੈ।

ਇਹ ਵੀਡੀਓ ਇਸ ਨੂੰ ਵਧੇਰੇ ਵਿਸਤਾਰ ਨਾਲ ਸਮਝਾਉਂਦੇ ਹਨ:

https://twitter.com/DHSCgovuk/status/1375364398601039872

https://twitter.com/DHSCgovuk/status/1421206463297441793

## ਆਮ ਮਾੜੇ ਪ੍ਰਭਾਵ

ਸਾਰੀਆਂ ਦਵਾਈਆਂ ਦੀ ਤਰ੍ਹਾਂ, ਟੀਕਿਆਂ ਤੋਂ ਮਾੜੇ ਪ੍ਰਭਾਵ ਹੋ ਸਕਦੇ ਹਨ। ਇਹਨਾਂ ਵਿੱਚੋਂ ਬਹੁਤ ਸਾਰੇ ਹਲਕੇ ਅਤੇ ਥੋੜ੍ਹੇ ਸਮੇਂ ਦੇ ਹੁੰਦੇ ਹਨ ਅਤੇ ਇਹ ਹਰ ਕਿਸੇ ਨੂੰ ਨਹੀਂ ਹੁੰਦੇ ਹਨ। ਬਹੁਤ ਹੀ ਆਮ ਮਾੜੇ ਪ੍ਰਭਾਵ ਸਿਰਫ ਇੱਕ ਜਾਂ 2 ਦਿਨ ਰਹਿਣੇ ਚਾਹੀਦੇ ਹਨ।

ਪਹਿਲੇ ਇੱਕ ਜਾਂ 2 ਦਿਨਾਂ ਵਿੱਚ ਬਹੁਤ ਹੀ ਆਮ ਮਾੜੇ ਪ੍ਰਭਾਵਾਂ ਵਿੱਚ ਸ਼ਾਮਲ ਹਨ:

- ਬਾਂਹ ਵਿੱਚ ਜਿਥੇ ਤੁਸੀਂ ਟੀਕਾ ਲਗਾਇਆ ਸੀ ਉੱਥੇ ਇੱਕ ਦਰਦਨਾਕ, ਭਾਰੀ ਭਾਵਨਾ ਅਤੇ ਦਰਦ ਪ੍ਰਤੀ ਸੰਵੇਦਨਸ਼ੀਲਤਾ
- ਥੱਕਿਆ ਮਹਿਸੂਸ ਕਰਨਾ
- ਸਿਰ ਦਰਦ, ਪੀੜਾਂ ਅਤੇ ਠੰਡ
- ਕਿਸ਼ੋਰਾਂ ਨੂੰ ਇੱਕ ਜਾਂ 2 ਦਿਨਾਂ ਲਈ ਠੰਡ ਅਤੇ ਕੰਬਣੀ ਦੀਆਂ ਘਟਨਾਵਾਂ ਦੇ ਨਾਲ ਫਲੂ ਵਰਗੇ ਲੱਛਣ ਵੀ ਹੋ ਸਕਦੇ ਹਨ

ਅਸੀਂ ਸਲਾਹ ਦਿੰਦੇ ਹਾਂ ਕਿ ਕਿਸ਼ੋਰਾਂ ਨੂੰ ਆਰਾਮ ਕਰਨਾ ਚਾਹੀਦਾ ਹੈ ਅਤੇ ਬਿਹਤਰ ਮਹਿਸੂਸ ਕਰਨ ਵਿੱਚ ਮਦਦ ਲਈ ਪੈਰਾਸੀਟਾਮੋਲ (ਪੈਕੇਜਿੰਗ ਵਿੱਚ ਖੁਰਾਕ ਬਾਰੇ ਸਲਾਹ ਦੀ ਪਾਲਣਾ ਕਰੋ) ਲੈਣੀ ਚਾਹੀਦੀ ਹੈ।

## ਬਹੁਤ ਵਿਰਲੇ ਗੰਭੀਰ ਮਾੜੇ ਪ੍ਰਭਾਵ

ਦੁਨੀਆ ਭਰ ਵਿੱਚ, ਹਾਲ ਹੀ ਵਿੱਚ, ਕੋਵਿਡ-19 ਵੈਕਸੀਨਾਂ ਦੇ ਬਾਅਦ ਮਾਇਓਕਾਰਡੀਟਿਸ ਜਾਂ ਪੈਰੀਕਾਰਡੀਟਿਸ ਨਾਮਕ ਦਿਲ ਦੀ ਸੋਜ਼ਸ਼ ਦੇ ਬਹੁਤ ਵਿਰਲੇ ਮਾਮਲੇ ਹੋਏ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਲੋਕਾਂ ਨੇ ਆਰਾਮ ਕਰਨ ਅਤੇ ਸਧਾਰਨ ਇਲਾਜਾਂ ਤੋਂ ਬਾਅਦ ਬਿਹਤਰ ਮਹਿਸੂਸ ਕੀਤਾ।

ਇਹ ਕੇਸ ਜਿਆਦਾਤਰ ਛੋਟੀ ਉਮਰ ਦੇ ਮਰਦਾਂ ਵਿੱਚ ਦੇਖੇ ਗਏ ਹਨ ਅਤੇ ਮੁੱਖ ਤੌਰ 'ਤੇ ਦੂਜੀ ਖੁਰਾਕ ਦੇ ਕੁਝ ਦਿਨਾਂ ਦੇ ਅੰਦਰ ਹੋਏ ਹਨ; ਵੈਕਸੀਨ ਦੀ ਪਹਿਲੀ ਖੁਰਾਕ ਤੋਂ ਬਾਅਦ ਮਾਇਓਕਾਰਡੀਟਿਸ ਬਹੁਤ ਘੱਟ ਹੁੰਦਾ ਹੈ।

## ਕੀ ਟੀਕਾਕਰਨ ਤੋਂ ਬਾਅਦ ਮੇਰੇ ਬੱਚੇ ਨੂੰ ਦੀ ਨਿਗਰਾਨੀ ਕੀਤੀ ਜਾਵੇਗੀ?

ਟੀਕਾਕਰਨ ਪ੍ਰਤੀ ਗੰਭੀਰ ਐਲਰਜੀ ਵਾਲੀਆਂ ਪ੍ਰਤਿਕਿਰਿਆਵਾਂ ਬਹੁਤ ਘੱਟ ਹੁੰਦੀਆਂ ਹਨ ਪਰ ਵੈਕਸੀਨ ਦੇਣ ਦੇ ਕੁਝ ਮਿੰਟਾਂ ਦੇ ਅੰਦਰ ਵਾਪਰਦੀਆਂ ਹਨ। ਸਕੂਲੀ ਉਮਰ ਦੀ ਟੀਕਾਕਰਨ ਸੇਵਾ ਟੀਮਾਂ ਨੂੰ ਐਲਰਜੀ ਵਾਲੀਆਂ ਪ੍ਰਤਿਕਿਰਿਆਵਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਦਾ ਪ੍ਰਬੰਧਨ ਕਰਨ ਲਈ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਇਸ ਐਲਰਜੀ ਵਾਲੇ ਸਾਰੇ ਬੱਚਿਆਂ ਦੀ 15 ਮਿੰਟਾਂ ਲਈ ਨਿਗਰਾਨੀ ਕੀਤੀ ਜਾਵੇਗੀ।

ਸਾਰੇ ਸਕੂਲੀ ਉਮਰ ਦੇ ਟੀਕਾਕਰਨ ਸੇਵਾ ਪ੍ਰਦਾਤਾ ਐਲਰਜੀ ਵਾਲੀ ਪ੍ਰਤਿਕਿਰਿਆ ਦੇ ਇਲਾਜ ਲਈ ਲੋੜੀਂਦੇ ਉਪਕਰਣ ਲਿਆਉਣਗੇ। ਆਮ ਖੁਰਾਕੀ ਵਸਤੂਆਂ ਤੋਂ ਐਲਰਜੀ ਵਾਲੇ ਬੱਚਿਆਂ ਨੂੰ ਇਨ੍ਹਾਂ ਗੰਭੀਰ ਐਲਰਜੀਆਂ ਦੇ ਵਧੇਰੇ ਜੋਖਮ ਨਹੀਂ ਹੁੰਦੇ।

## ਮੈਨੂੰ ਕੋਵਿਡ-19 ਬਾਰੇ ਹੋਰ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?

NHS ਦੇ ਪਰਚੇ ਵੈਕਸੀਨ ਬਾਰੇ ਮਾਪਿਆਂ ਅਤੇ ਕਿਸ਼ੋਰਾਂ ਲਈ ਵਧੇਰੇ ਜਾਣਕਾਰੀ ਪ੍ਰਦਾਨ ਕਰਦੇ ਹਨ, ਇਸ ਵਿੱਚ ਇਹ ਵੀ ਸ਼ਾਮਲ ਹੈ ਕਿ ਇਹ ਕਿਵੇਂ ਕੰਮ ਕਰਦੀ ਹੈ ਅਤੇ ਕੋਵਿਡ-19 ਟੀਕਾਕਰਨ ਤੋਂ ਬਾਅਦ ਕੀ ਉਮੀਦ ਕਰਨੀ ਹੈ।

ਸਿੱਖਣ ਦੀ ਅਯੋਗਤਾ ਵਾਲੇ ਜਾਂ ਆਟਿਜ਼ਮ ਨਾਲ ਜ਼ਿੰਦਗੀ ਜੀ ਰਹੇ ਵਿਅਕਤੀਆਂ ਲਈ ਰਜ਼ਾਮੰਦੀ ਫਾਰਮ ਅਤੇ ਪਰਚਿਆਂ ਦੇ ਪਹੁੰਚਯੋਗ ਸੰਸਕਰਣ ਉਪਲਬਧ ਹਨ। ਸਾਡੇ ਕੋਲ ਮੰਗਵਾਉਣ ਜਾਂ ਡਾਉਨਲੋਡ ਕਰਨ ਲਈ ਬ੍ਰੇਲ ਅਤੇ BSL ਵੀਡੀਓ ਹਨ। ਅਨੁਵਾਦ ਵੀ ਉਪਲਬਧ ਹਨ।




# ਸਕੂਲ ਵਿੱਚ ਵੈਕਸੀਨਾਂ ਕਿਵੇਂ ਕੰਮ ਕਰਨਗੀਆਂ

ਸਾਰੇ ਸਕੂਲ-ਅਧਾਰਤ ਟੀਕਾਕਰਨ ਪ੍ਰੋਗਰਾਮਾਂ ਦੀ ਤਰ੍ਹਾਂ, ਵੈਕਸੀਨਾਂ ਸਕੂਲ ਦੀ ਉਮਰ ਦੇ ਟੀਕਾਕਰਨ ਸੇਵਾ ਪ੍ਰਦਾਤਾ ਦੁਆਰਾ ਲਗਾਈਆਂ ਜਾਣਗੀਆਂ, ਜੋ ਸਕੂਲ ਦੇ ਨਾਲ ਨੇੜਤਾ ਨਾਲ ਕੰਮ ਕਰ ਰਹੇ ਹਨ।

## ਵੈਕਸੀਨ ਲਈ ਯੋਗਤਾ ਅਤੇ ਸਮਾਂ

### ਟੀਕਾਕਰਨ ਕੌਣ ਅਤੇ ਕਦੋਂ ਕਰਵਾ ਸਕਦਾ ਹੈ?

12 ਤੋਂ 17 ਸਾਲ ਦੀ ਉਮਰ ਦੇ ਕਿਸ਼ੋਰ, ਜਿਨ੍ਹਾਂ ਨੂੰ ਲਾਗ ਦਾ ਵਧਿਆ ਹੋਇਆ ਜੋਖਮ ਹੈ ਜਾਂ ਜੋ ਕਿਸੇ ਕਮਜ਼ੋਰ ਪ੍ਰਤਿਰੋਧਕਤਾ ਵਾਲੇ ਵਿਅਕਤੀ ਨਾਲ ਰਹਿ ਰਹੇ ਹਨ, ਨੂੰ ਵੀ 8 ਹਫ਼ਤਿਆਂ ਦੇ ਫਾਸਲੇ 'ਤੇ ਵੈਕਸੀਨ ਦੀਆਂ 2 ਖੁਰਾਕਾਂ ਦੀ ਪੇਸ਼ਕਸ਼ ਕੀਤੀ ਗਈ ਹੈ।

12 ਤੋਂ 15 ਸਾਲ ਦੀ ਉਮਰ ਦੇ ਸਾਰੇ ਕਿਸ਼ੋਰਾਂ ਨੂੰ ਹੁਣ 12 ਹਫ਼ਤਿਆਂ ਦੇ ਵਕਫ਼ੇ 'ਤੇ ਵੈਕਸੀਨ ਦੀਆਂ 2 ਖੁਰਾਕਾਂ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਵੈਕਸੀਨਦੀ ਪੇਸ਼ਕਸ਼ ਸਕੂਲਾਂ ਦੇ ਪ੍ਰੋਗਰਾਮ ਅਤੇ ਕੁਝ ਟੀਕਾਕਰਨ ਕੇਂਦਰਾਂ ਵਿੱਚ ਕੀਤੀ ਜਾਵੇਗੀ।

### ਜੇਕਰ ਮੇਰੇ ਬੱਚੇ ਦਾ ਕੋਵਿਡ-19 ਲਈ ਟੈਸਟ ਪਾਜ਼ਿਟਿਵ ਆਉਂਦਾ ਹੈ ਤਾਂ ਕੀ ਹੁੰਦਾ ਹੈ?

ਜੇਕਰ ਤੁਹਾਡੇ ਬੱਚੇ ਦਾ ਕੋਵਿਡ-19 ਲਈ ਪਾਜ਼ਿਟਿਵ ਟੈਸਟ ਆਇਆ ਹੈ, ਤਾਂ ਤੁਹਾਡੇ ਬੱਚੇ ਨੂੰ ਸਕੂਲ ਜਾਂ ਕਿਸੇ ਕੇਂਦਰ ਵਿੱਚ ਟੀਕਾਕਰਨ ਸੈਸ਼ਨ/ਅਪਾਇੰਟਮੈਂਟ ਵਿੱਚ ਨਹੀਂ ਜਾਣਾ ਚਾਹੀਦਾ। ਉਸ ਨੂੰ ਆਪਣੀ ਪਹਿਲੀ ਜਾਂ ਦੂਜੀ ਖੁਰਾਕ ਲੈਣ ਤੋਂ ਪਹਿਲਾਂ ਖੁਦ ਨੂੰ ਅਲੱਗ ਰੱਖਣਾ ਚਾਹੀਦਾ ਹੈ ਅਤੇ 12 ਹਫ਼ਤੇ ਉਡੀਕ ਕਰਨੀ ਚਾਹੀਦੀ ਹੈ। ਜਿਨ੍ਹਾਂ ਬੱਚਿਆਂ ਨੂੰ ਵੱਧ ਖ਼ਤਰਾ ਹੈ, ਉਨ੍ਹਾਂ ਨੂੰ ਟੀਕਾ ਲਗਵਾਉਣ ਤੋਂ ਪਹਿਲਾਂ, ਟੈਸਟ ਦੇ ਪਾਜ਼ਿਟਿਵ ਨਤੀਜੇ ਤੋਂ 4 ਹਫ਼ਤੇ ਤਕ ਉਡੀਕ ਕਰਨੀ ਚਾਹੀਦੀ ਹੈ।

### ਜੇ ਮੇਰੇ ਬੱਚੇ ਨੂੰ ਸਕੂਲ ਵਿੱਚ ਪੇਸ਼ ਕੀਤੇ ਜਾਣ ਵਾਲੇ ਦਿਨ ਵੈਕਸੀਨ ਨਹੀਂ ਦਿੱਤੀ ਜਾਂਦੀ ਤਾਂ ਕੀ ਹੁੰਦਾ ਹੈ?

12 ਤੋਂ 15 ਸਾਲ ਦੀ ਉਮਰ ਦੇ ਕਿਸੇ ਵੀ ਕਿਸ਼ੋਰ ਲਈ ਜੋ ਵੈਕਸੀਨ ਵਾਲੇ ਦਿਨ ਆਪਣੀ ਵੈਕਸੀਨ ਪ੍ਰਾਪਤ ਨਹੀਂ ਕਰਦਾ ਹੈ, ਇਸ ਨੂੰ ਪੂਰਾ ਕਰਨ ਲਈ ਪ੍ਰਬੰਧ ਹੋਣਗੇ ਜਿਨ੍ਹਾਂ ਬਾਰੇ ਸਕੂਲੀ ਉਮਰ ਦਾ ਟੀਕਾਕਰਨ ਸੇਵਾ ਪ੍ਰਦਾਤਾ ਸਕੂਲ ਨੂੰ ਦੱਸ ਸਕਣਗੇ। ਇਸ ਵਿੱਚ ਉਹ ਕੋਈ ਵੀ ਕਿਸ਼ੋਰ ਸ਼ਾਮਲ ਹੈ ਜੋ ਸਕੂਲੀ ਉਮਰ ਦਾ ਟੀਕਾਕਰਨ ਸੇਵਾ ਪ੍ਰਦਾਤਾ ਦੇ ਸਕੂਲ ਆਉਣ ਦੇ ਦਿਨ ਤੋਂ ਬਾਅਦ 12 ਸਾਲ ਦੀ ਹੋ ਜਾਂਦਾ ਹੈ।

### ਜੇ ਮੇਰੇ ਬੱਚੇ ਨੂੰ ਸਿਹਤ ਸਮੱਸਿਆ ਹੈ ਜਾਂ ਉਹ ਵੈਕਸੀਨ ਦੇ ਸੈਸ਼ਨ ਵਾਲੇ ਦਿਨ ਬਿਮਾਰ ਹੈ ਤਾਂ ਕੀ ਹੁੰਦਾ ਹੈ?

ਜੇ ਕੋਈ ਕਿਸ਼ੋਰ ਉਸ ਦਿਨ ਬਿਮਾਰ ਹੁੰਦਾ ਹੈ, ਤਾਂ ਸਕੂਲੀ ਉਮਰ ਦਾ ਟੀਕਾਕਰਨ ਸੇਵਾ ਪ੍ਰਦਾਤਾ ਇਹ ਫੈਸਲਾ ਕਰੇਗਾ ਕਿ ਟੀਕਾਕਰਨ ਜਾਰੀ ਰੱਖਣਾ ਹੈ ਜਾਂ ਨਹੀਂ।

ਉਹਨਾਂ ਬੱਚਿਆਂ ਨੂੰ ਫਾਲੋ-ਅਪ ਪੇਸ਼ਕਸ਼ ਕੀਤੀ ਜਾਵੇਗੀ ਜੋ ਆਪਣੇ ਸਕੂਲ ਵਿੱਚ ਪਹਿਲਾ ਟੀਕਾਕਰਨ ਖੁੰਝਾ ਦਿੰਦੇ ਹਨ। ਇਸ ਨਾਲ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਹੇਠਾਂ ਦਿੱਤੇ ਵਿਦਿਆਰਥੀ ਵੈਕਸੀਨ ਲਗਵਾ ਸਕਦੇ ਹਨ:

- ਜੇ ਤੁਹਾਡਾ ਬੱਚਾ ਸੈਸ਼ਨ ਤੋਂ ਬਾਅਦ 12 ਸਾਲ ਦਾ ਹੋ ਜਾਂਦਾ ਹੈ
- ਜੇ ਤੁਹਾਡਾ ਬੱਚਾ ਉਸ ਦਿਨ ਸਕੂਲ ਤੋਂ ਗੈਰਹਾਜ਼ਰ ਹੈ
- ਜੇ ਤੁਹਾਡੇ ਬੱਚੇ ਨੂੰ ਹਾਲ ਹੀ ਵਿੱਚ ਕੋਵਿਡ-19 ਦੀ ਲਾਗ ਹੋਈ ਹੈ
- ਜੇ ਤੁਸੀਂ ਇਸ ਬਾਰੇ ਆਪਣਾ ਮਨ ਬਦਲ ਲੈਂਦੇ ਹੋ ਕਿ ਵੈਕਸੀਨ ਲਗਵਾਉਣੀ ਹੈ ਜਾਂ ਤੁਹਾਨੂੰ ਫੈਸਲਾ ਲੈਣ ਲਈ ਥੋੜ੍ਹਾ ਜ਼ਿਆਦਾ ਸਮਾਂ ਚਾਹੀਦਾ ਹੈ

ਵਿਅਕਤੀਗਤ ਕਿਸ਼ੋਰਾਂ ਲਈ ਵੈਕਸੀਨ ਲਈ ਯੋਗਤਾ ਬਾਰੇ ਸਾਰੇ ਸਵਾਲ ਸਕੂਲੀ ਉਮਰ ਦੇ ਟੀਕਾਕਰਨ ਸੇਵਾ ਪ੍ਰਦਾਤਾ ਨੂੰ ਪੁੱਛੇ ਜਾਣੇ ਚਾਹੀਦੇ ਹਨ, ਜੋ ਇਨ੍ਹਾਂ ਬਾਅਦ ਵਿੱਚ ਵੈਕਸੀਨ ਲਗਾਉਣ ਦੇ ਸੈਸ਼ਨਾਂ ਬਾਰੇ ਵੀ ਜਾਣਕਾਰੀ ਸਾਂਝੀ ਕਰ ਸਕਣਗੇ।

## ਮੇਰਾ ਬੱਚਾ ਘਰ ਵਿੱਚ ਸਿੱਖਿਆ ਲੈਂਦਾ ਹੈ ਅਤੇ ਸਕੂਲ ਨਹੀਂ ਜਾਂਦਾ, ਕੀ ਉਸ ਨੂੰ ਇਸ ਪ੍ਰੋਗਰਾਮ ਦੇ ਹਿੱਸੇ ਵਜੋਂ ਇੱਕ ਵੈਕਸੀਨ ਲਗਾਈ ਜਾਵੇਗੀ?

ਯੋਗ ਉਮਰ ਸਮੂਹ ਦੇ ਸਾਰੇ ਕਿਸ਼ੋਰ ਜੋ ਸਕੂਲ ਨਹੀਂ ਜਾਂਦੇ ਹਨ, ਉਦਾਹਰਨ ਵਜੋਂ ਜਿਹੜੇ ਘਰ ਵਿੱਚ ਸਿੱਖਿਆ ਲੈਂਦੇ ਹਨ ਜਾਂ ਸੁਰੱਖਿਅਤ ਰਿਹਾਇਸ਼ ਵਿੱਚ ਰਹਿ ਰਹੇ ਹਨ, ਉਨ੍ਹਾਂ ਨੂੰ ਵੈਕਸੀਨ ਦੀ ਪੇਸ਼ਕਸ਼ ਕੀਤੀ ਜਾਣੀ ਚਾਹੀਦੀ ਹੈ। ਸਕੂਲੀ ਉਮਰ ਦੇ ਟੀਕਾਕਰਨ ਸੇਵਾ ਪ੍ਰਦਾਤਾ ਕੋਲ ਇਨ੍ਹਾਂ ਕਿਸ਼ੋਰਾਂ ਨੂੰ ਵੈਕਸੀਨ ਲਗਾਉਣ ਦੀ ਯੋਜਨਾ ਹੋਵੇਗੀ।

## ਮੇਰੇ ਬੱਚੇ ਦੀ ਉਮਰ 12 ਸਾਲ ਤੋਂ ਵੱਧ ਹੈ ਪਰ ਅਗਲੇਰੀ ਸਿੱਖਿਆ ਵਾਲੇ ਕਾਲਜ ਵਿੱਚ ਹੈ, ਸਕੂਲ ਵਿੱਚ ਨਹੀਂ, ਕੀ ਉਸ ਨੂੰ ਇਸ ਪ੍ਰੋਗਰਾਮ ਦੇ ਹਿੱਸੇ ਵਜੋਂ ਇੱਕ ਵੈਕਸੀਨ ਲਗਾਈ ਜਾਵੇਗੀ?

ਹਾਂ। ਯੋਗ ਉਮਰ ਸਮੂਹ ਦੇ ਸਾਰੇ ਬੱਚੇ ਜੋ ਸਕੂਲ ਨਹੀਂ ਜਾਂਦੇ ਹਨ, ਉਨ੍ਹਾਂ ਨੂੰ ਵੈਕਸੀਨ ਦੀ ਪੇਸ਼ਕਸ਼ ਕੀਤੀ ਜਾਣੀ ਚਾਹੀਦੀ ਹੈ। ਸਕੂਲੀ ਉਮਰ ਦੇ ਟੀਕਾਕਰਨ ਸੇਵਾ ਪ੍ਰਦਾਤਾ ਕੋਲ ਇਨ੍ਹਾਂ ਬੱਚਿਆਂ ਨੂੰ ਵੈਕਸੀਨ ਲਗਾਉਣ ਦੀ ਯੋਜਨਾ ਹੋਵੇਗੀ।

## ਮੇਰਾ ਬੱਚਾ ਕਿਸੇ ਵਿਸ਼ੇਸ਼ ਸਕੂਲ ਵਿੱਚ ਹੈ, ਕੀ ਉਸ ਨੂੰ ਇਸ ਪ੍ਰੋਗਰਾਮ ਦੇ ਹਿੱਸੇ ਵਜੋਂ ਇੱਕ ਵੈਕਸੀਨ ਲਗਾਈ ਜਾਵੇਗੀ?

ਹਾਂ। ਸਕੂਲੀ ਉਮਰ ਦੇ ਟੀਕਾਕਰਨ ਸੇਵਾ ਪ੍ਰਦਾਤਾਵਾਂ ਨੂੰ ਵਿਸ਼ੇਸ਼ ਸਕੂਲਾਂ ਵਿੱਚ ਬੱਚਿਆਂ ਦਾ ਟੀਕਾਕਰਨ ਕਰਨ ਲਈ ਨਿਯੁਕਤ ਕੀਤਾ ਗਿਆ ਹੈ।

## ਕੀ 12 ਤੋਂ 15 ਸਾਲ ਦੀ ਉਮਰ ਦਾ ਕੋਈ ਬੱਚਾ ਕਿਸੇ ਕੋਵਿਡ-19 ਵਾਕ-ਇਨ ਸਾਈਟ ਦੀ ਵਰਤੋਂ ਕਰ ਸਕਦਾ ਹੈ ਜੇ ਇਹ ਤੇਜ਼ ਤਰੀਕਾ ਹੈ?

ਹਾਂ, ਇਹ ਉਮਰ ਸਮੂਹ ਵਿਚਲੇ ਲੋਕ ਰਾਸ਼ਟਰੀ ਬੁਕਿੰਗ ਸੇਵਾ (National Booking Service) ਦੀ ਵਰਤੋਂ ਕਰ ਸਕਦੇ ਹਨ ਜਾਂ 119 'ਤੇ ਕਾਲ ਕਰ ਸਕਦੇ ਹਨ ਅਤੇ ਉਹ ਵਾਕ-ਇਨ ਸੈਂਟਰਾਂ ਵਿੱਚ ਵੀ ਜਾ ਸਕਦੇ ਹਨ।



## ਰਜ਼ਾਮੰਦੀ ਪ੍ਰਕਿਰਿਆ ਕਿਵੇਂ ਕੰਮ ਕਰਦੀ ਹੈ?

ਸਾਰੇ ਮਾਪਿਆਂ, ਜਾਂ ਜਿਨ੍ਹਾਂ ਦੀ ਮਾਪਿਆਂ ਦੀ ਜ਼ਿੰਮੇਵਾਰੀ ਹੈ, ਨੂੰ ਰਜ਼ਾਮੰਦੀ ਦੇਣ ਲਈ ਕਿਹਾ ਜਾਂਦਾ ਹੈ ਅਤੇ ਆਮ ਤੌਰ 'ਤੇ ਉਹ ਇਹ ਫੈਸਲਾ ਆਪਣੇ ਬੱਚਿਆਂ ਨਾਲ ਸਾਂਝੇ ਤੌਰ 'ਤੇ ਲੈਣਗੇ। ਜਾਣਕਾਰੀ ਪਰਚਾ ਬੱਚੇ ਨੂੰ ਸੰਬੋਧਿਤ ਕੀਤਾ ਜਾਂਦਾ ਹੈ (ਵੈਕਸੀਨ ਪ੍ਰਾਪਤ ਕਰਨ ਵਾਲੇ ਦੇ ਰੂਪ ਵਿੱਚ) ਅਤੇ ਉਨ੍ਹਾਂ ਨੂੰ ਆਪਣੇ ਮਾਪਿਆਂ ਨਾਲ ਵੈਕਸੀਨ ਬਾਰੇ ਫੈਸਲੇ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਉਤਸ਼ਾਹਿਤ ਕਰਦਾ ਹੈ।

ਸੈਕੰਡਰੀ ਸਕੂਲਾਂ ਵਿੱਚ, ਕੁਝ ਕਿਸ਼ੋਰ ਆਪਣੀ ਰਜ਼ਾਮੰਦੀ ਦੇਣ ਲਈ ਕਾਫ਼ੀ ਸਿਆਣੇ ਹੋ ਸਕਦੇ ਹਨ। ਕਈ ਵਾਰ ਇਸ ਤਰ੍ਹਾਂ ਹੁੰਦਾ ਹੈ ਕਿ ਜੇ ਮਾਪਿਆਂ ਨੇ ਰਜ਼ਾਮੰਦੀ ਫਾਰਮ ਵਾਪਸ ਨਹੀਂ ਕੀਤਾ ਹੈ ਪਰ ਬੱਚਾ ਹਾਲੇ ਵੀ ਸੈਸ਼ਨ ਦੇ ਦਿਨ ਵੈਕਸੀਨ ਲਗਵਾਉਣਾ ਚਾਹੁੰਦਾ ਹੈ। ਮਾਪਿਆਂ ਦੀ ਜ਼ਬਾਨੀ ਰਜ਼ਾਮੰਦੀ ਲੈਣ ਲਈ ਉਨ੍ਹਾਂ ਨਾਲ ਸੰਪਰਕ ਕਰਨ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

ਇਹ ਇੱਕ ਚੰਗੀ ਤਰ੍ਹਾਂ ਸਥਾਪਤ ਪ੍ਰਕਿਰਿਆ ਹੈ ਜਿਸ ਬਾਰੇ ਤੁਹਾਨੂੰ ਸਕੂਲ ਦੇ ਹੋਰ ਟੀਕਾਕਰਨ ਪ੍ਰੋਗਰਾਮਾਂ ਕਰਕੇ ਜਾਣਕਾਰੀ ਹੋਵੇਗੀ।

## ਕੌਣ ਫੈਸਲਾ ਕਰਦਾ ਹੈ ਕਿ ਕੋਈ ਕਿਸ਼ੋਰ ਆਪਣੀ ਰਜ਼ਾਮੰਦੀ ਦੇ ਸਕਦਾ ਹੈ?

ਸੈਕੰਡਰੀ ਸਕੂਲਾਂ ਵਿੱਚ, ਕੁਝ ਕਿਸ਼ੋਰ ਆਪਣੀ ਰਜ਼ਾਮੰਦੀ ਦੇਣ ਲਈ ਕਾਫ਼ੀ ਸਿਆਣੇ ਹੋਣਗੇ। ਸਕੂਲ ਟੀਕਾਕਰਨ ਟੀਮ ਦੇ ਸਿਹਤ ਸੰਭਾਲ ਪੇਸ਼ੇਵਰ ਕਿਸ਼ੋਰ ਨਾਲ ਗੱਲ ਕਰਨਗੇ ਅਤੇ ਮਾਪਿਆਂ ਨਾਲ ਸੰਪਰਕ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ। ਇਨ੍ਹਾਂ ਪੇਸ਼ੇਵਰਾਂ ਕੋਲ ਕਿਸ਼ੋਰਾਂ ਦਾ ਟੀਕਾਕਰਨ ਕਰਨ ਵਿੱਚ ਮੁਹਾਰਤ ਹੁੰਦੀ ਹੈ ਅਤੇ ਇਹ ਮੁਲਾਂਕਣ ਕਰਨ ਲਈ ਜ਼ਿੰਮੇਵਾਰ ਹੋਣਗੇ ਕਿ ਉਨ੍ਹਾਂ ਨੂੰ ਸਵੈ-ਰਜ਼ਾਮੰਦੀ ਲਈ ਕਾਫ਼ੀ ਸਮਝ ਹੈ (ਇਸ ਨੂੰ Gillick competence ਜਾਂ ਗਿਲਿਕ ਸਮਰੱਥਾ ਕਿਹਾ ਜਾਂਦਾ ਹੈ)।

ਇਹ ਇੱਕ ਚੰਗੀ ਤਰ੍ਹਾਂ ਸਥਾਪਤ ਪ੍ਰਕਿਰਿਆ ਹੈ ਜਿਸ ਬਾਰੇ ਤੁਹਾਨੂੰ ਸਕੂਲ ਦੇ ਹੋਰ ਟੀਕਾਕਰਨ ਪ੍ਰੋਗਰਾਮਾਂ ਕਰਕੇ ਜਾਣਕਾਰੀ ਹੋਵੇਗੀ।

ਤੁਸੀਂ ਗਿਲਿਕ ਸਮਰੱਥਾ ਸਮੇਤ ਰਜ਼ਾਮੰਦੀ ਬਾਰੇ ਵਧੇਰੇ ਜਾਣਕਾਰੀ ਲਈ Green book of immunisation (ਟੀਕਾਕਰਨ ਦੀ ਹਰੀ ਕਿਤਾਬ) ਪੜ੍ਹ ਸਕਦੇ ਹੋ – www.gov.uk/government/publications/consent-the-green-book-chapter-2।

## ਕੀ ਮਾਪੇ ਆਪਣੇ ਬੱਚੇ ਦਾ ਟੀਕਾਕਰਨ ਕਰਵਾਉਣ ਤੋਂ ਇਨਕਾਰ ਕਰ ਸਕਦੇ ਹਨ?

ਹਾਂ। ਵੈਕਸੀਨ ਲਾਜ਼ਮੀ ਨਹੀਂ ਹੈ। ਮਾਪਿਆਂ ਨੂੰ ਵੈਕਸੀਨ ਲਈ ਆਪਣੀ ਰਜ਼ਾਮੰਦੀ ਦੇਣ ਲਈ ਕਿਹਾ ਜਾਵੇਗਾ। ਕਿਸ਼ੋਰ ਵੈਕਸੀਨ ਲਗਵਾਉਣ ਦੀ ਇੱਛਾ ਜ਼ਾਹਰ ਕਰ ਸਕਦੇ ਹਨ ਅਤੇ ਉਨ੍ਹਾਂ ਕੋਲ ਆਪਣੇ-ਆਪ ਸੂਚਿਤ ਰਜ਼ਾਮੰਦੀ ਦੇਣ ਦੀ ਸਮਰੱਥਾ ਹੋ ਸਕਦੀ ਹੈ। ਮਾਪਿਆਂ ਨੂੰ ਸਮੇਂ ਤੋਂ ਪਹਿਲਾਂ ਆਪਣੇ ਬੱਚਿਆਂ ਨਾਲ ਗੱਲ ਕਰਨ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਟੀਕਾਕਰਨ ਸੈਸ਼ਨ ਤੋਂ ਪਹਿਲਾਂ ਰਜ਼ਾਮੰਦੀ 'ਤੇ ਸਹਿਮਤੀ ਹੋਵੇ।

**ਜੇ ਕੋਈ ਰਜ਼ਾਮੰਦੀ ਪ੍ਰਾਪਤ ਨਹੀਂ ਹੁੰਦੀ, ਅਤੇ ਕਿਸ਼ੋਰ ਲਿ Gillick competent ਨਹੀਂ ਹੈ ਜਾਂ ਉਹ ਟੀਕਾਕਰਨ ਨਹੀਂ ਕਰਵਾਉਣਾ ਚਾਹੁੰਦਾ ਹੈ, ਤਾਂ ਟੀਕਾਕਰਨ ਅੱਗੇ ਨਹੀਂ ਵਧੇਗਾ।**

## ਜੇ ਮਾਪਿਆਂ ਨੇ ਰਜ਼ਾਮੰਦੀ ਨਹੀਂ ਦਿੱਤੀ, ਪਰ ਕਿਸ਼ੋਰ ਟੀਕਾਕਰਨ ਕਰਵਾਉਣਾ ਚਾਹੁੰਦਾ ਹੈ ਤਾਂ ਕੀ ਹੁੰਦਾ ਹੈ?

ਜਿਹੜੇ ਕਿਸ਼ੋਰ ਪੂਰੀ ਤਰ੍ਹਾਂ ਸਮਝਦੇ ਹਨ ਕਿ ਪ੍ਰਸਤਾਵਿਤ ਪ੍ਰਕਿਰਿਆ ਵਿੱਚ ਕੀ ਸ਼ਾਮਲ ਹੈ, ਜਿਵੇਂ ਕਿ ਟੀਕਾਕਰਨ, ਕਾਨੂੰਨੀ ਤੌਰ 'ਤੇ ਰਜ਼ਾਮੰਦੀ ਦੇ ਸਕਦੇ ਹਨ। ਇਸ ਨੂੰ 'ਗਿਲਿਕ ਸਮਰੱਥਾ' ਕਿਹਾ ਜਾਂਦਾ ਹੈ।

ਜੇ ਮਾਪਿਆਂ ਤੋਂ ਕੋਈ ਰਜ਼ਾਮੰਦੀ ਪ੍ਰਾਪਤ ਨਹੀਂ ਹੋਈ ਹੈ, ਪਰ ਕਿਸ਼ੋਰ ਵੈਕਸੀਨ ਲਗਵਾਉਣਾ ਚਾਹੁੰਦਾ ਹੈ ਅਤੇ ਸਿਹਤ ਸੰਭਾਲ ਪੇਸ਼ੇਵਰ ਦੁਆਰਾ ਗਿਲਿਕ ਸਮਰੱਥ ਮੰਨਿਆ ਜਾਂਦਾ ਹੈ, ਤਾਂ ਵੀ ਕਿਸ਼ੋਰ ਨੂੰ ਵੈਕਸੀਨ ਲਗਾਈ ਜਾ ਸਕਦੀ ਹੈ।

ਇਸ ਸਥਿਤੀ ਵਿੱਚ, ਸਕੂਲੀ ਉਮਰ ਦਾ ਟੀਕਾਕਰਨ ਸੇਵਾ ਪ੍ਰਦਾਤਾ ਮਾਪਿਆਂ ਨਾਲ ਸੰਪਰਕ ਕਰਨ, ਮਾਪਿਆਂ ਅਤੇ ਕਿਸ਼ੋਰ ਵਿਚਕਾਰ ਸਹਿਮਤੀ ਬਣਾਉਣ ਦੀ ਪੂਰੀ ਕੋਸ਼ਿਸ਼ ਕਰੇਗਾ। ਹਾਲਾਂਕਿ, ਮਾਪੇ ਕਿਸੇ ਗਿਲਿਕ ਸਮਰੱਥ ਕਿਸ਼ੋਰ ਦੇ ਫੈਸਲੇ ਨੂੰ ਰੱਦ ਨਹੀਂ ਕਰ ਸਕਦੇ।

ਤੁਸੀਂ ਗਿਲਿਕ ਸਮਰੱਥਾ ਸਮੇਤ ਰਜ਼ਾਮੰਦੀ ਬਾਰੇ ਵਧੇਰੇ ਜਾਣਕਾਰੀ ਲਈ ਟੀਕਾਕਰਨ ਦੀ ਹਰੀ ਕਿਤਾਬ ਪੜ੍ਹ ਸਕਦੇ ਹੋ – www.gov.uk/government/publications/consent-the-green-book-chapter-2।

# ਆਮ ਸਵਾਲ

## ਮੇਰੇ ਬੱਚੇ ਨੂੰ ਐਲਰਜੀ ਹੈ, ਕੀ ਉਸਨੂੰ ਵੈਕਸੀਨ ਲਗਾਈ ਜਾ ਸਕਦੀ ਹੈ?

ਬਹੁਤ ਘੱਟ ਬੱਚੇ ਹਨ ਜੋ ਵੈਕਸੀਨ ਨਹੀਂ ਲਗਵਾ ਸਕਦੇ ਹਨ।

ਟੀਕਾਕਰਨ ਤੋਂ ਪਹਿਲਾਂ ਸਾਰੇ ਵਿਅਕਤੀਆਂ ਨੂੰ ਇੱਕ ਪਰਚਾ ਜਾਰੀ ਕੀਤਾ ਜਾਂਦਾ ਹੈ ਜੋ ਵੈਕਸੀਨ ਬਾਰੇ ਸੁਰੱਖਿਆ ਜਾਣਕਾਰੀ ਦੀ ਰੂਪਰੇਖਾ ਦਿੰਦਾ ਹੈ। ਇਸ ਵਿੱਚ ਕਿਸੇ ਵੀ ਸਿਹਤ ਸਮੱਸਿਆ ਬਾਰੇ ਵਧੇਰੇ ਵਿਸਤ੍ਰਿਤ ਜਾਣਕਾਰੀ ਦਾ ਲਿੰਕ ਸ਼ਾਮਲ ਹੋਵੇਗਾ ਜੋ ਕਿਸੇ ਕਿਸ਼ੋਰ ਨੂੰ ਟੀਕਾਕਰਨ ਪ੍ਰਾਪਤ ਕਰਨ ਤੋਂ ਰੋਕ ਸਕਦੀ ਹੈ। ਤੁਸੀਂ Pfizer ਵੈਕਸੀਨਾਂ ਦੇ ਯੂਕੇ ਦੇ ਪ੍ਰਾਪਤਕਰਤਾਵਾਂ ਲਈ ਜਾਣਕਾਰੀ ਇੱਥੇ ਪੜ੍ਹ ਸਕਦੇ ਹੋ:

https://coronavirus-yellowcard.mhra.gov.uk/productinformation

ਸਾਰੇ ਕਿਸ਼ੋਰਾਂ ਅਤੇ ਉਨ੍ਹਾਂ ਦੇ ਮਾਪਿਆਂ ਜਾਂ ਦੇਖਭਾਲ ਕਰਨ ਵਾਲਿਆਂ ਨੂੰ ਆਪਣੇ ਜੀਪੀ ਜਾਂ ਸਪੈਸ਼ਲਿਸਟ ਨਾਲ ਸਲਾਹ ਕਰਨੀ ਚਾਹੀਦੀ ਹੈ ਜੇ ਉਨ੍ਹਾਂ ਨੂੰ ਐਲਰਜੀ ਅਤੇ ਕੋਵਿਡ-19 ਟੀਕਾਕਰਨ ਬਾਰੇ ਚਿੰਤਾਵਾਂ ਹਨ।

## ਮੈਂ ਸੁਣਿਆ ਹੈ ਕਿ ਵੈਕਸੀਨਾਂ ਅਨਿਯਮਿਤ ਮਾਹਵਾਰੀ ਜਾਂ ਅਚਾਨਕ ਖੂਨ ਵਗਣ ਦਾ ਕਾਰਨ ਬਣ ਸਕਦੀਆਂ ਹਨ?

ਮਾਹਵਾਰੀ ਦੀਆਂ ਸਮੱਸਿਆਵਾਂ ਬਹੁਤ ਆਮ ਹਨ ਅਤੇ ਤਣਾਅ ਅਤੇ ਹੋਰ ਛੋਟੀ ਮਿਆਦ ਦੀਆਂ ਬਿਮਾਰੀਆਂ ਸਮੇਤ ਕਈ ਕਾਰਕਾਂ ਦੇ ਕਾਰਨ ਹੋ ਸਕਦੀਆਂ ਹਨ। ਹਾਲਾਂਕਿ ਕੁਝ ਲੋਕਾਂ ਨੇ ਦੱਸਿਆ ਹੈ ਕਿ ਟੀਕਾਕਰਨ ਦੇ ਬਾਅਦ ਮਹੀਨੇ ਵਿੱਚ ਉਨ੍ਹਾਂ ਦੀ ਮਾਹਵਾਰੀ ਵਿੱਚ ਥੋੜ੍ਹੇ ਸਮੇਂ ਲਈ ਵਿਘਨ ਪਿਆ ਸੀ, ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਇਹ ਵੈਕਸੀਨ ਦੇ ਕਾਰਨ ਸੀ।

## ਕੀ ਵੈਕਸੀਨਾਂ ਪ੍ਰਜਣਨ ਸ਼ਕਤੀ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ?

ਇਸ ਗੱਲ ਦਾ ਕੋਈ ਸਬੂਤ ਨਹੀਂ ਹੈ ਕਿ ਕੋਵਿਡ-19 ਵੈਕਸੀਨਾਂ ਮਰਦਾਂ ਜਾਂ ਔਰਤਾਂ ਦੀ ਪ੍ਰਜਣਨ ਸ਼ਕਤੀ ਨੂੰ ਪ੍ਰਭਾਵਿਤ ਕਰਦੀਆਂ ਹਨ। British Fertility Society (ਬ੍ਰਿਟਿਸ਼ ਫਰਟੀਲਿਟੀ ਸੋਸਾਇਟੀ) ਦੀ ਵੈੱਬਸਾਈਟ 'ਤੇ ਕੁਝ ਮਦਦਗਾਰ ਜਾਣਕਾਰੀ ਹੈ।

## ਕੀ ਵੈਕਸੀਨ ਵਿੱਚ ਅਲਕੋਹਲ ਹੁੰਦੀ ਹੈ?

Pfizer ਕੋਵਿਡ-19 ਟੀਕਿਆਂ ਵਿੱਚ ਕੋਈ ਅਲਕੋਹਲ ਨਹੀਂ ਹੈ ਜੋ ਕਿ ਕਿਸ਼ੋਰਾਂ ਲਈ ਸਿਫ਼ਾਰਿਸ਼ ਕੀਤੀ ਗਈ ਵੈਕਸੀਨ ਹੈ।

## ਕੀ ਕੋਵਿਡ-19 ਵੈਕਸੀਨ ਵਿੱਚ ਪਸ਼ੂ ਉਤਪਾਦ ਸ਼ਾਮਲ ਹਨ?

MHRA ਨੇ ਪੁਸ਼ਟੀ ਕੀਤੀ ਹੈ ਕਿ ਟੀਕਿਆਂ ਵਿੱਚ ਪਸ਼ੂ ਮੂਲ ਵਾਲੀ ਕੋਈ ਚੀਜ਼ ਸ਼ਾਮਲ ਨਹੀਂ ਹੈ। ਸਾਰੀਆਂ ਸਮੱਗਰੀਆਂ MHRA ਦੀ ਵੈੱਬਸਾਈਟ 'ਤੇ ਸਿਹਤ ਸੰਭਾਲ ਜਾਣਕਾਰੀ ਵਿੱਚ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਇਹ ਵੀਡੀਓ ਵਧੇਰੇ ਜਾਣਕਾਰੀ ਦਿੰਦਾ ਹੈ:

https://twitter.com/DHSCgovuk/status/1387368497517236234

## ਕੀ ਇਹ ਵੈਕਸੀਨ ਉਨ੍ਹਾਂ ਕਿਸ਼ੋਰਾਂ ਲਈ ਢੁਕਵੀਂ ਹੈ ਜੋ ਵੇਗਨ/ਸ਼ਾਕਾਹਾਰੀ ਅਨੁਕੂਲ, ਮੁਸਲਿਮ ਜਾਂ ਯਹੂਦੀ ਹਨ?

Pfizer ਵੈਕਸੀਨ ਵਿੱਚ ਕੋਈ ਮੀਟ ਡੈਰੀਵੇਟਿਵ, ਪਸ਼ੂ ਉਤਪਾਦ ਜਾਂ ਕੋਈ ਅੰਡਾ ਸ਼ਾਮਲ ਨਹੀਂ ਹੈ।

British Islamic Medical Association (ਬ੍ਰਿਟਿਸ਼ ਇਸਲਾਮਿਕ ਮੈਡੀਕਲ ਐਸੋਸੀਏਸ਼ਨ) ਨੇ ਇੱਕ ਸਹਾਇਕ ਗਾਈਡ ਤਿਆਰ ਕੀਤੀ ਹੈ ਜੋ ਕਿ https://britishima.org/operation-vaccination/hub/ 'ਤੇ ਮਿਲ ਸਕਦੀ ਹੈ।

## ਕੀ ਟੀਕਿਆਂ ਵਿੱਚ ਕੋਵਿਡ-19 ਹੈ?

ਨਹੀਂ, ਵੈਕਸੀਨਾਂ ਵਿੱਚ ਜਿਉਂਦਾ ਵਾਇਰਸ ਨਹੀਂ ਹੁੰਦਾ।



# ਅਗਲੇਰੀ ਜਾਣਕਾਰੀ

ਜੇ ਤੁਹਾਡੇ ਕੋਲ ਵੈਕਸੀਨ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਕੂਲੀ ਉਮਰ ਦੇ ਟੀਕਾਕਰਨ ਸੇਵਾ ਪ੍ਰਦਾਤਾ ਨਾਲ ਗੱਲ ਕਰੋ। ਤੁਹਾਨੂੰ ਉਨ੍ਹਾਂ ਦੇ ਸੰਪਰਕ ਵੇਰਵੇ ਜਾਣਕਾਰੀ ਅਤੇ ਰਜ਼ਾਮੰਦੀ ਫਾਰਮ ਦੇ ਨਾਲ ਮਿਲਣਗੇ।

ਜੇ ਤੁਸੀਂ ਫੈਸਲੇ ਜਾਂ ਕੋਵਿਡ-19 ਦੁਆਰਾ ਬੇਚੈਨ ਜਾਂ ਦੁਖੀ ਮਹਿਸੂਸ ਕਰ ਰਹੇ ਹੋ, ਤਾਂ ਕਿਰਪਾ ਕਰਕੇ www.nhs.uk/mental-health/nhs-voluntary-charity-services/charity-and-voluntary-services/get-help-from-mental-health-helplines ਤੋਂ ਸਹਾਇਤਾ ਪ੍ਰਾਪਤ ਕਰੋ।

12 ਤੋਂ 15 ਸਾਲ ਦੇ ਬੱਚਿਆਂ ਲਈ ਕੋਵਿਡ-19 ਵੈਕਸੀਨ ਬਾਰੇ ਗੱਲਬਾਤ ਕਰਨ ਲਈ ਮਾਪਿਆਂ ਅਤੇ ਬੱਚਿਆਂ ਲਈ ਵਾਧੂ ਜਾਣਕਾਰੀ, ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਇਹ ਕਿਵੇਂ ਕੰਮ ਕਰਦੀ ਹੈ ਅਤੇ ਕੋਵਿਡ-19 ਟੀਕਾਕਰਨ ਤੋਂ ਬਾਅਦ ਕੀ ਉਮੀਦ ਕਰਨੀ ਹੈ, ਹੇਠਾਂ ਦਿੱਤੇ ਲਿੰਕ 'ਤੇ ਉਪਲਬਧ ਹੈ: COVID-19 vaccination: resources for children and young people – GOV.UK (www.gov.uk)।



     

**Vaccination, helping to protect those most vulnerable.**

© Crown copyright 2021. Version 3 DEC 2021. 1p 350K NOV 2021 (APS).
UK Health Security Agency Gateway number: 20211085. Product code COV2021PFSPAN Panjabi.

This leaflet is also available in Albanian, Arabic, Bengali, Bulgarian, Chinese, Estonian, Greek, Gujarati, Hindi, Panjabi, Latvian, Lithuanian, Polish, Portuguese Brazilian, Romany, Romanian, Russian, Somali, Spanish, Turkish, Twi, Ukrainian and Urdu paper copies.

To order more copies of this leaflet visit www.healthpublications.gov.uk or phone: 0300 123 1002 (8am to 6pm, Monday to Friday).